ਸ਼੍ਰੇਣੀ- ਸੱਤਵੀਂ

ਗ੍ਰਿਹ ਵਿਗਿਆਨ

ਸਮਾਂ:3 ਘੰਟੇ
ਸਮਾਂ: 3 ਘੰਟੇ

ਲਿਖਤੀ: 40 ਅੰਕ
ਪ੍ਰਯੋਗੀ: 50 ਅੰਕ
ਸੀ.ਸੀ.ਈ.: 10 ਅੰਕ
ਕੁੱਲ: 100 ਅੰਕ

ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)

1. ਪ੍ਰਸ਼ਨ ਪੱਤਰ ਵਿੱਚ ਕੁੱਲ 21 ਪ੍ਰਸ਼ਨ ਹੋਣਗੇ।

2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

ਭਾਗ-I ਵਿੱਚ ਸੱਤ (07) ਵਸਤੂਨਿਸ਼ਠ ਪ੍ਰਸ਼ਨ (1 ਤੋਂ 7) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਸਾਰੇ ਪ੍ਰਸ਼ਨ ਵਸਤੂਨਿਸ਼ਠ/ ਬਹੁ-ਭਾਂਤੀ ਉੱਤਰਾਂ ਵਾਲੇ ਹੋਣਗੇ। 7×1=7

ਭਾਗ-II ਵਿੱਚ ਨੌ (9) ਛੋਟੇ ਉੱਤਰਾਂ ਵਾਲੇ ਪ੍ਰਸ਼ਨ (8 ਤੋਂ 16) ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ ਕੋਈ ਛੇ (6) ਪ੍ਰਸ਼ਨ ਕਰਨੇ ਹੋਣਗੇ। ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ। 6×3=18

ਭਾਗ-III ਵਿੱਚ ਪੰਜ (5) ਨਿਬੰਧਾਤਮਕ ਪ੍ਰਸ਼ਨ (17 ਤੋਂ 21) ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਕੋਈ ਤਿੰਨ (3) ਪ੍ਰਸ਼ਨ ਕਰਨੇ ਹੋਣਗੇ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ। 3×5=15

ਮਾਡਲ ਟੈਸਟ ਪੇਪਰ

ਸਮਾਂ : 3 ਘੰਟੇ

ਕੁੱਲ ਅੰਕ : 40

ਭਾਗ -I

ਭਾਗ -1 ਵਿੱਚ ਕੁੱਲ 7 ਵਸਤੂਨਿਸ਼ਠ ਪ੍ਰਸ਼ਨ (ਪ੍ਰਸ਼ਨ ਨੰ : 1 ਤੋਂ 7) ਹਨ। ਹਰ ਇੱਕ ਪ੍ਰਸ਼ਨ 1 ਅੰਕ ਦਾ ਹੈ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ।

ਪ੍. 1. ਅੱਖਾਂ ਨਿਰੋਗ ਰੱਖਣ ਲਈ _____ਕਰਨੀ ਚਾਹੀਦੀ ਹੈ।

ਪ੍. 2. ਕਿਸ ਉਮਰ ਵਿੱਚ ਮੁੰਡੇ-ਕੁੜੀਆਂ ਜਵਾਨ ਹੋ ਜਾਂਦੇ ਹਨ?

ਪ੍ਰ. 3. ਦੁੱਧ ਵਿੱਚ ਕਿਹੜਾ ਪੌਸ਼ਟਿਕ ਤੱਤ ਨਹੀਂ ਪਾਇਆ ਜਾਂਦਾ ?

(ੳ) ਵਿਟਾਮਿਨ ਏ (ਅ) ਵਿਟਾਮਿਨ ਬੀ

(ਏ) ਵਿਟਾਮਿਨ ਸੀ (ਸ) ਵਿਟਾਮਿਨ ਡੀ

ਪ੍ਰ. 4. ਫਲਾਂ ਅਤੇ ਸਬਜ਼ੀਆਂ ਦਾ ਛਿਲਕਾ ਪਤਲਾ ਉਤਾਰਨਾ ਚਾਹੀਦਾ ਹੈ। (ਸਹੀ/ਗਲਤ)

ਪ੍ਰ. 5. ਟਾਇਲਟ, ਗੁਸਲਖਾਨੇ ਵਿੱਚ ਫਿਨਾਇਲ ਛਿੜਕਣੀ ਚਾਹੀਦੀ ਹੈ? (ਸਹੀ/ਗਲਤ)

ਪ੍ਰ. 6. ਲੋਹੇ ਦੇ ਜੰਗਾਲ ਨੂੰ _____ ਦੇ ਨਾਲ ਉਤਾਰਾਂਗੇ।

ਪ੍ਰ. 7. ਰੇਆਨ _____ਰੇਸ਼ਾ ਹੈ। $7 \times 1 = 7$

ਭਾਗ– II

ਭਾਗ–II ਵਿੱਚ ਕੁੱਲ 9 ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਪ੍ਰਸ਼ਨ ਨੰ: 8 ਤੋਂ 16) ਹਨ, ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰ ਇੱਕ ਪ੍ਰਸ਼ਨ 3 ਅੰਕ ਦਾ ਹੈ।

ਪ੍ਰ. 8. ਕੰਨ ਵਿੱਚ ਕੋਈ ਤਿੱਖੀ ਚੀਜ਼ ਕਿਉਂ ਨਹੀਂ ਫੇਰਨੀ ਚਾਹੀਦੀ?

ਪ੍ਰ. 9. ਚੜ੍ਹਦੀ ਜਵਾਨੀ (Puberty) ਸਮੇਂ ਮਾਤਾ ਪਿਤਾ ਅਤੇ ਅਧਿਆਪਕਾਂ ਦਾ ਕੀ ਫਰਜ ਬਣਦਾ ਹੈ?

ਪ੍ਰ. 10. ਸੰਤੁਲਿਤ ਭੋਜਨ ਤੋਂ ਤੁਹਾਡਾ ਕੀ ਭਾਵ ਹੈ?

ਪ੍ਰ. 11. ਖਾਣਾ ਪਕਾਉਣ ਸਮੇਂ ਨਿੱਜੀ ਸਫਾਈ ਤੋਂ ਕੀ ਭਾਵ ਹੈ?

ਪ੍ਰ. 12. ਸਫਾਈ ਕਰਦੇ ਸਮੇਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਪ੍ਰ. 13. ਗੰਦੀਆਂ ਬਸਤੀਆਂ ਦਾ ਬੱਚਿਆਂ ਦੇ ਵਿਕਾਸ ਤੇ ਕੀ ਅਸਰ ਪੈਂਦਾ ਹੈ?

ਪ੍ਰ. 14. ਸਟੀਲ ਦੇ ਬਰਤਨ ਤੇ ਚਾਕੂ ਨੂੰ ਕਿਵੇਂ ਸਾਫ ਕਰੋਗੇ?

ਪ੍ਰ. 15. ਥਰਮੋਪਲਾਸਟਿਕ ਅਤੇ ਨਾਨ ਥਰਮੋਪਲਾਸਟਿਕ ਧਾਗਿਆਂ ਵਿੱਚ ਕੀ ਅੰਤਰ ਹੈ?

ਪ੍ਰ. 16. ਸਭ ਤੋਂ ਵਧੀਆ ਦਾਲ ਕਿਹੜੀ ਹੈ ਅਤੇ ਕਿਉਂ? $6 \times 3 = 18$

ਭਾਗ– III

ਭਾਗ–III ਵਿੱਚ ਕੁੱਲ 5 ਨਿਬੰਧਾਤਮਕ ਪ੍ਰਸ਼ਨ (ਪ੍ਰਸ਼ਨ ਨੰ: 17 ਤੋਂ 21) ਹਨ, ਜਿਨ੍ਹਾਂ ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰ ਇੱਕ ਪ੍ਰਸ਼ਨ 5 ਅੰਕ ਦਾ ਹੈ।

ਪ੍ਰ. 17. ਖਾਣਾ ਪਕਾਉਣ ਦੇ ਸਿਧਾਂਤ ਲਿਖੋ?

ਪ੍ਰ. 18. ਦੈਨਿਕ ਸਫਾਈ ਕਿਉਂ ਜ਼ਰੂਰੀ ਹੈ ਅਤੇ ਘਰ ਦੀ ਦੈਨਿਕ ਸਫਾਈ ਕਿਵੇਂ ਕਰਨੀ ਚਾਹੀਦੀ ਹੈ?

ਪ੍ਰ. 19. ਮਕਾਨ ਬਣਾਉਣ ਸਮੇਂ ਜਾਂ ਕਿਰਾਏ ਤੇ ਲੈਣ ਸਮੇਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਪ੍ਰ. 20. ਰੋਸ਼ਨਦਾਨ, ਖਿੜਕੀਆਂ ਤੇ ਅਲਮਾਰੀਆਂ ਦੇ ਸ਼ੀਸ਼ੇ ਕਿਵੇਂ ਸਾਫ਼ ਕਰੋਗੇ?

ਪ੍ਰ. 21. ਰੇਅੋਨ ਦੇ ਕੱਪੜੇ ਧੋਣ ਲਈ ਕਿਹੜੀਆਂ-ਕਿਹੜੀਆਂ ਸਾਵਧਾਨੀਆਂ ਵਰਤੋਗੇ?

$3 \times 5 = 15$